ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

ਪ੍ਰੈਸ ਨੋਟ: 2

# ਘਰੇਲੂ ਉਦਯੋਗ ਨੂੰ ਉਤਸਾਹਿਤ ਕਰਨ ਲਈ ਲਾਹੇਵੰਦ ਸਾਬਤ ਹੋ ਰਿਹਾ ਹੈ ਦੀਵਾਲੀ ਮੇਲਾ: ਡਿਪਟੀ ਕਮਿਸ਼ਨਰ

## ਦੋ ਰੋਜਾਂ ਮੇਲੇ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲਗਾਈਆਂ ਗਈਆਂ ਪ੍ਰਦਰਸ਼ਨੀਆਂ

## ਪ੍ਰਤਾਪ ਬਾਗ ਵਿੱਚ ਲਗਾਏ ਗਏ ਦੀਵਾਲੀ ਮੇਲੇ ਦਾ ਡਿਪਟੀ ਕਮਿਸ਼ਨਰ ਨੇ ਕੀਤਾ ਉਦਘਾਟਨ

ਫਾਜ਼ਿਲਕਾ 14 ਅਕਤੂਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਅੱਜ ਪ੍ਰਤਾਬ ਬਾਗ ਵਿੱਚ ਲਗਾਏ ਗਏ ਦੀਵਾਲੀ ਮੇਲੇ ਦਾ ਉਦਘਾਟਨ ਕੀਤਾ। ਦੀਵਾਲੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਤਾਪ ਬਾਗ ਵਿੱਚ ਲਗਾਏ ਜਾ ਰਹੇ ਦੋ ਰੋਜ਼ਾਂ ਦੀਵਾਲੀ ਮੇਲੇ ਵਿੱਚ ਘਰੇਲੂ ਉਦਯੋਗ ਨੂੰ ਉਤਸਾਹਿਤ ਕਰਨ ਹਿੱਤ ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਉਦਯੋਗ ਕੇਂਦਰ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਇਹ ਦੀਵਾਲੀ ਮੇਲਾ ਲਗਾਇਆ ਗਿਆ ਹੈ। ਇਸ ਦਾ ਮੁੱਖ ਮਕਸਦ ਹੱਥੀ ਤਿਆਰ ਕੀਤੇ ਜਾਣ ਵਾਲੇ ਸਮਾਨ ਨੂੰ ਅਪਣਾਉਣ ਅਤੇ ਸਕਿੱਲ ਡਿਵੈਲਪਮੈਂਟ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੇਲੇ ਦੌਰਾਨ ਘੁਮਿਹਾਰ ਭਾਈਚਾਰੇ ਵੱਲੋਂ ਦੀਵਾਲੀ ਮੌਕੇ ਹੱਥੀ ਤਿਆਰ ਕੀਤੇ ਜਾਣ ਵਾਲੇ ਸਾਜ਼ੋ-ਸਮਾਨ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਉਨ੍ਹਾਂ ਦੱਸਿਆ ਕਿ ਇਹ ਪ੍ਰਦਰਸ਼ਨੀ ਜ਼ਿਲ੍ਹੇ ਅੰਦਰ ਉਦਯੋਗ ਨੂੰ ਉਤਸਾਹਿਤ ਕਰਨ ਹਿੱਤ ਲਾਹੇਵੰਦ ਸਾਬਿਤ ਹੋਵੇਗੀ।

ਇਸ ਮੇਲੇ ਦੌਰਾਨ ਪੋਇਟਰੀ ਤੇ ਲਾਇਵ ਪੋਇਟਰੀ ਵੱਲੋਂ ਮਿੱਟੀ ਦੇ ਬਣੇ ਸਮਾਨ, ਗੁਰੂ ਹਰਿਕ੍ਰਿਸ਼ਨ ਆਈ.ਟੀ.ਆਈ ਵੱਲੋਂ ਖਿਡੌਣੇ, ਸਿੱਖਿਆ ਵਿਭਾਗ ਵੱਲੋਂ ਗਰੀਨ ਦੀਵਾਲੀ ਮਨਾਉਣ ਦਾ ਸੰਦੇਸ਼, ਸਪੈਸ਼ਲ ਵਿਦਿਆਰਥੀਆਂ ਵੱਲੋਂ ਮੋਮਬੱਤੀਆਂ ਤੇ ਲੈਂਪ, ਜਯੋਤੀ ਬੀਐਡ ਤੇ ਡੀ.ਏ.ਵੀ. ਕਾਲਜ ਵੱਲੋਂ ਖਿਡੌਣੇ ਤੇ ਪੇਂਟਿੰਗ, ਆਈ.ਐਮ.ਐਫ.ਐਲ ਵੱਲੋਂ ਘਿਉ, ਦੁੱਧ, ਜੂਸ, ਬਾਲਾ ਜੀ ਰਾਇਸ ਮਿੱਲਸ ਵੱਲੋਂ ਚਾਵਲ, ਪੂਰਨ ਚੰਦ ਵੱਲੋਂ ਨਮਕੀਨ ਭੁਜੀਆ, ਨਿਰਮਲ ਸਿੰਘ ਵੱਲੋਂ ਸ਼ਹਿਦ, ਲੱਸੀ, ਖੇਤੀਬਾੜੀ ਵਿਭਾਗ ਵੱਲੋਂ ਲਿਟਰੈਚਰ, ਜਿਆਣੀ ਨੈਚੂਰਲ ਫਾਰਮ ਵੱਲੋਂ ਗੁੜ, ਮਾਲਟਾ, ਸਰ੍ਹੋਂ ਦਾ

ਤੇਲ, ਕ੍ਰਿਸ਼ਨ ਲਾਲ ਵੱਲੋਂ ਜੂਟ ਅਤੇ ਪੇਪਰ ਕੈਰੀ ਬੈਗ, ਵੇਰਕਾ, ਓਪੋ,     ਸੂਰੀਆ ਮੋਟਰਜ਼ ਆਦਿ ਵੱਲੋਂ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਜੋ ਖਿੱਚ ਦਾ ਕੇਂਦਰ ਰਹੀਆਂ।

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਜ਼ਿਲ੍ਹਾ ਵਾਸੀਆਂ ਨੂੰ ਦੀਵਾਲੀ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਜ਼ਿਲ੍ਹੇ ਅੰਦਰ ਹੱਥੀ ਵਸਤਾਂ ਤਿਆਰ ਕਰਨ ਵਾਲੇ ਘਰੇਲੂ ਅਤੇ ਹੋਰ ਉਦਯੋਗਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਮੇਲੇ ਵਿਖੇ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਹੱਥੀ ਬਣੀਆਂ ਵਸਤੂਆਂ ਦੀ ਖਰੀਦ ਕਰਨ।

ਇਸ ਮੌਕੇ ਐਸ.ਡੀ.ਐਮ. ਫਾਜ਼ਿਲਕਾ ਸ੍ਰੀ ਬਲਬੀਰ ਰਾਜ ਸਿੰਘ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਹਾਜ਼ਰ ਸਨ।